**THE PUNJAB STATE BOARD OF TECHNICAL EDUCATION AND INDUSTRIAL TRAINING**
PLOT NO. 1-A, SEC. 36-A, CHANDIGARH PH. : 615385, 622584-85 FAX : 660734

ਨੰ:-ਪੀ.ਐਸ.ਬੀ/ਆਈ.ਟੀ/17/ 2981 ਅਤਿ ਜਰੂਰੀ/ਸਮਾਂਬੱਧ ਮਿਤੀ:- 17.11.17.

ਸੇਵਾ ਵਿਖੇ,

ਪ੍ਰਿੰਸੀਪਲ,
ਸਮੂਹ ਆਈ.ਟੀ.ਆਈ/ਆਈ.ਟੀ.ਸੀ(ਇ:)/ਪ੍ਰਾਈਵੇਟ ਆਈ.ਟੀ.ਸੀ,
ਆਰਟ ਐਂਡ ਕਰਾਫਟ ਅਤੇ ਟੀਚਰ ਟ੍ਰੇਨਿੰਗ ਸੰਸਥਾਵਾਂ, ਪੰਜਾਬ ਰਾਜ ਅਧੀਨ।

ਵਿਸ਼ਾ:- ਉਦਯੋਗਿਕ ਸਿਖਲਾਈ ਸੰਸਥਾਵਾਂ ਵਿੱਚ ਸੈਸ਼ਨ ਅਗਸਤ 2017 ਦੌਰਾਨ ਕਰਾਫਟਸਮੈਨ ਟ੍ਰੇਨਿੰਗ ਸਕੀਮ (ਐਨ.ਸੀ.ਵੀ.ਟੀ./ਐਸ.ਸੀ.ਵੀ.ਟੀ.) ਅਧੀਨ ਚੱਲ ਰਹੀਆਂ ਟਰੇਡਾਂ, ਆਰਟ ਐਂਡ ਕਰਾਫਟ, ਟੀਚਰ ਟ੍ਰੇਨਿੰਗ ਕੋਰਸਾਂ ਵਿੱਚ ਦਾਖਲ ਹੋਏ ਸਿਖਿਆਰਥੀਆਂ ਦੀ ਰਜਿਸਟਰੇਸ਼ਨ ਫੀਸ ਇੱਕਠੀ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਦਸਿਆ ਜਾਂਦਾ ਹੈ ਕਿ ਸੈਸ਼ਨ ਅਗਸਤ 2017 ਵਿੱਚ ਕਰਾਫਟਸਮੈਨ ਟ੍ਰੇਨਿੰਗ ਸਕੀਮ ਅਧੀਨ ਚੱਲ ਰਹੀਆਂ ਟਰੇਡਾਂ, ਆਰਟ ਐਂਡ ਕਰਾਫਟ ਅਤੇ ਟੀਚਰ ਟ੍ਰੇਨਿੰਗ ਕੋਰਸਾਂ ਵਿੱਚ ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ ਜੀ ਵਲੋਂ ਆਨ-ਲਾਈਨ ਦਾਖਲਾ ਕੀਤਾ ਗਿਆ ਹੈ। ਪੰਜਾਬ ਰਾਜ ਦੀਆਂ ਸਮੂਹ ਸੰਸਥਾਵਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਰਜਿਸਟਰੇਸ਼ਨ ਲਈ ਹੇਠ ਦਰਸਾਏ ਸ਼ਡਿਊਲ ਮੁਤਾਬਕ ਫੀਸ ਅਤੇ ਲਿਸਟਾਂ ਜਮ੍ਹਾਂ ਕਰਵਾਉਣੀਆਂ ਯਕੀਨੀ ਬਣਾਈਆਂ ਜਾਣ:-

1. ਇਸ ਸਬੰਧ ਵਿੱਚ ਕੰਪਿਊਟਰ ਸ਼ਾਖਾ ਵਲੋਂ ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ ਜੀ ਵਲੋਂ ਐਸ.ਸੀ.ਵੀ.ਟੀ. ਟਰੇਡਾਂ ਵਿੱਚ ਦਾਖਲ ਹੋਏ ਸਿਖਿਆਰਥੀਆਂ ਦੀ ਭੇਜੀਆਂ ਗਈਆਂ ਦਾਖਲਾ ਲਿਸਟਾਂ ਦੀ ਸੰਸਥਾ ਵਾਇਜ/ਟਰੇਡ ਵਾਇਜ ਫਾਇਲਾਂ ਬੋਰਡ ਦੀ ਵੈਬਸਾਇਟ ਤੇ ਅਪਲੋਡ ਕੀਤੀ ਗਈਆਂ ਹਨ। ਸੰਸਥਾਵਾਂ ਇਹ ਲਿਸਟਾਂ ਅਤੇ ਫੀਸ Summary performa ਬੋਰਡ ਦੀ ਵੈਬਸਾਇਟ ਤੋਂ ਡਾਊਨਲੋਡ ਕਰਕੇ ਇਸ ਅਨੁਸਾਰ ਫੀਸ ਡੀਟੇਲ ਬਣਾ ਕੇ ਹੇਠ ਲਿਖੇ ਬੋਰਡ ਦੇ ਬੈਂਕ ਖਾਤਿਆਂ ਵਿੱਚ RTGS/ਕਿਸੇ ਵੀ mode ਰਾਹੀਂ 150/-ਰਪਏ ਪ੍ਰਤੀ ਸਿਖਿਆਰਥੀ ਬਿਨ੍ਹਾਂ ਲੇਟ ਫੀਸ ਦੇ ਮਿਤੀ:-21-11-2017 ਤੋਂ 24-11-2017 ਤੱਕ ਜਮਾਂ ਕਰਵਾ ਕੇ ਰਸੀਦ ਪ੍ਰਾਪਤ ਕਰ ਲਏਗੀ :-

| Sr. No. | Name of Bank | Account No. | IFSC Code |
|---|---|---|---|
| 1. | Oriental Bank of Commerce (OBC), Sector – 37 D, Chandigarh | 08741132000124 | ORBC0100874 |

ਇਸ ਉਪਰੰਤ ਸੰਸਥਾਵਾਂ ਮੁੰਕਮਲ ਦਾਖਲ ਹੋਏ ਸਿਖਿਆਰਥੀਆਂ ਦੀ ਲਿਸਟਾਂ, ਜਮਾਂ ਕਰਵਾਈ ਗਈ ਫੀਸ ਦੀ ਰਸੀਦ ਦੀ ਕਾਪੀ ਅਤੇ ਫੀਸ ਸਮੱਗੀ ਪ੍ਰਫਾਰਮੇ ਦੀ ਤਸਦੀਕਸ਼ੁਦਾ ਕਾਪੀ ਸਕੈਨ ਕਰਕੇ ਬੋਰਡ ਦਫਤਰ ਨੂੰ ਈ-ਮੇਲ ਐਡਰੇਸ <u>reconciliationfees@gmail.com</u> ਅਤੇ <u>cfa1919@gmail.com</u> ਤੇ ਮਿਤੀ:-01 ਦਸੰਬਰ 2017 ਤੱਕ ਭੇਜਣਾ ਯਕੀਨੀ ਬਨਾਉਣਗੀਆਂ।

<u>2. ਇਸ ਤੋਂ ਇਲਾਵਾ ਸੰਸਥਾਵਾਂ ਐਮ. ਆਈ. ਐਸ. ਪੋਰਟਲ (NCVT) ਤੇ ਰਜਿਸਟਰਡ/ਅਪਲੋਡ ਕੀਤੇ ਗਏ ਸਿਖਿਆਰਥੀਆਂ ਦੀ ਲਿਸਟਾਂ ਡਾਊਨਲੋਡ ਕਰਕੇ ਪ੍ਰਿੰਸੀਪਲ ਵਲੋਂ ਤਸਦੀਕ</u> (Duly stamped and signed by Principal) <u>ਕਰਨ ਉਪਰੰਤ ਸਕੈਨ ਕਰਕੇ (ਟਰੇਡ ਵਾਇਜ ਲਿਸਟਾਂ), ਉਪਰੋਕਤ ਦਰਸਾਈ ਮਿਤੀ ਅਨੁਸਾਰ ਬੈਂਕ ਵਿੱਚ ਫੀਸ ਜਮ੍ਹਾਂ ਕਰਵਾ ਕੇ ਫੀਸ ਰਸੀਦ ਅਤੇ ਫੀਸ ਸਮੱਗੀ ਪ੍ਰਫਾਰਮੇ ਦੀ ਪ੍ਰਿੰਸੀਪਲ ਵਲੋਂ ਤਸਦੀਕ ਸ਼ੁਦਾ ਕਾਪੀਆਂ ਸਕੈਨ ਕਰਕੇ</u> ਬੋਰਡ ਦਫਤਰ ਦੀ ਈ-ਮੇਲ ਐਡਰੇਸ <u>reconciliationfees@gmail.com ਅਤੇ cfa1919@gmail.com</u> ਤੇ ਮਿਤੀ:-01 ਦਸੰਬਰ 2017 <u>ਤੱਕ ਭੇਜੇਗੀ।</u>

3. ਇਸ ਉਪਰੰਤ ਸੰਸਥਾਵਾਂ ਬੋਰਡ ਦਫਤਰ ਵੱਲੋਂ SCVT ਦੀਆਂ ਡਾਊਨਲੋਡ ਕੀਤੀਆਂ ਗਈਆਂ ਫਾਇਲਾਂ ਵਿੱਚ ਰਜਿਸਟਰਡ ਹੋਣ ਵਾਲੇ ਸਿਖਿਆਰਥੀਆਂ ਦੇ ਡਾਟੇ ਵਿਚੋਂ delete ਕੀਤੇ ਜਾਣ ਵਾਲੇ ਸਿਖਿਆਰਥੀਆਂ ਦਾ ਡਾਟਾ Excel ਫਾਰਮੇਟ ਵਿੱਚ ਤਿਆਰ ਕਰਕੇ ਈ-ਮੇਲ ਐਡਰੇਸ **reconciliationfees@gmail.com ਅਤੇ cfa1919@gmail.com** ਤੇ ਮਿਤੀ:-01 ਦਸੰਬਰ 2017 ਤੱਕ ਭੇਜੇਗੀ।

4. ਸੰਸਥਾਵਾਂ ਮਿਤੀ:-25 ਨਵੰਬਰ 2017 ਤੋਂ 29 ਨਵੰਬਰ 2017 ਤੱਕ ਸਿਖਿਆਰਥੀਆਂ ਤੋਂ ਲੇਟ ਫੀਸ (1000/- ਰੁਪਏ ਪ੍ਰਤੀ ਸਿਖਿਆਰਥੀ +150/- ਰੁਪਏ ਨਿਰਧਾਰਤ ਫੀਸ) ਪ੍ਰਾਪਤ ਕਰਕੇ ਨਿਰਧਾਰਤ ਬੈਂਕਾਂ ਵਿੱਚ ਜਮ੍ਹਾਂ ਕਰਵਾਉਣਗੀਆਂ ਅਤੇ ਇਸ ਉਪਰੰਤ ਦਾਖਲ ਹੋਏ ਸਿਖਿਆਰਥੀਆਂ ਦੀ ਲਿਸਟਾਂ, ਜਮਾਂ ਕਰਵਾਈ ਗਈ ਫੀਸ ਦੀ ਰਸੀਦ ਅਤੇ ਉਪਰੋਕਤ ਦਰਸਾਏ ਅਨੁਸਾਰ ਲੋੜੀਂਦੇ ਦਸਤਾਵੇਜਾਂ ਅਤੇ ਐਕਸਲ ਫਾਇਲਾਂ ਮਿਤੀ:-01 ਦਸੰਬਰ 2017 ਤੱਕ ਬੋਰਡ ਦਫਤਰ ਦੇ ਈ-ਮੇਲ ਐਡਰੇਸ **reconciliationfees@gmail.com ਅਤੇ cfa1919@gmail.com** ਤੇ ਭੇਜਣਾ ਯਕੀਨੀ ਬਨਾਉਣਗੀਆਂ।

5. ਰਜਿਸਟਰੇਸ਼ਨ ਫੀਸ ਇਕੋ ਵਾਰ ਹੀ ਮੁਕੰਮਲ ਰੂਪ ਵਿੱਚ ਤਿਆਰ ਕਰਕੇ ਜਮ੍ਹਾਂ ਕਰਵਾਉਣੀ ਯਕੀਨੀ ਬਣਾਈ ਜਾਵੇ।

6. ਦਾਖਲ ਹੋਏ ਵਿਦਿਆਰਥੀਆਂ ਦੇ ਰਜਿਸਟਰੇਸ਼ਨ ਫਾਰਮ ਸੰਸਥਾਵਾਂ ਬੋਰਡ ਦਫਤਰ ਤੋਂ ਵੱਖਰੇ ਤੌਰ ਤੇ ਜਾਰੀ ਹੋਏ ਸ਼ਡਿਊਲ ਅਨੁਸਾਰ ਬੋਰਡ ਤੋਂ ਪ੍ਰਾਪਤ ਕਰਨਗੀਆਂ ਅਤੇ ਸਿਖਿਆਰਥੀਆਂ ਤੋਂ ਭਰਵਾਉਣ ਉਪਰੰਤ ਬੋਰਡ ਦਫਤਰ ਵਿਖੇ ਹੀ ਜਮ੍ਹਾਂ ਕਰਵਾਉਣਗੀਆਂ।

**ਨੋਟ: ਇਸ ਤੋਂ ਇਲਾਵਾ ਜਿਹੜੀਆਂ ਨਵੀਆਂ ਸੰਸਥਾਵਾਂ ਵਲੋਂ ਬੋਰਡ ਦਫਤਰ ਤੋਂ Institute code ਜਾਰੀ ਨਹੀਂ ਕਰਵਾਇਆ ਗਿਆ, ਉਹ Institute code ਬੋਰਡ ਦਫਤਰ ਵਿਖੇ ਆ ਕੇ ਨਿੱਜੀ ਤੋਰ ਤੇ ਜਾਰੀ ਕਰਵਾ ਲੈਣ। Institute code ਜਾਰੀ ਕਰਵਾਉਣ ਲਈ ਡੀ.ਜੀ.ਟੀ., ਨਵੀਂ ਦਿੱਲੀ ਵਲੋਂ ਐਫੀਲੇਸ਼ਨ ਸਬੰਧੀ ਕਾਪੀ ਅਤੇ ਡੀ.ਟੀ.ਈ. ਅਤੇ ਆਈ.ਟੀ. ਪੰਜਾਬ ਵਲੋਂ ਜਾਰੀ ਪੱਤਰ ਦੀ ਤਸਦੀਕਸ਼ੁਦਾ ਕਾਪੀ ਨਾਲ ਨੱਥੀ ਕੀਤੀ ਜਾਵੇ।**

ਸਮੂਹ ਸੰਸਥਾਵਾਂ ਵਲੋਂ ਉਕਤ ਦਰਸਾਏ ਅਨੁਸਾਰ ਰਜਿਸਟਰੇਸ਼ਨ ਫੀਸ ਲੋੜੀਂਦੇ ਦਸਤਾਵੇਜਾਂ ਸਮੇਤ ਸਮੇਂ ਸਿਰ ਜਮ੍ਹਾਂ ਕਰਵਾਉਣੀ ਯਕੀਨੀ ਬਣਾਈ ਜਾਵੇ ਤਾਂ ਜੋ ਵਿਦਿਆਰਥੀਆਂ ਦੀ ਪ੍ਰੀਖਿਆ ਸਮੇਂ ਸਿਰ ਲਈ ਜਾ ਸਕੇ। ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ਜੀ।

17.11.17

ਨੱਥੀ:-ਉਪਰੋਕਤ ਅਨੁਸਾਰ

**ਕੰਟਰੋਲਰ ਪ੍ਰੀਖਿਆਵਾਂ (ITI)**
**ਵਾਸਤੇ ਸਕੱਤਰ**

ਉਪਰੋਕਤ ਦਾ ਉਤਾਰਾ ਹੇਠ ਲਿਖੀਆਂ ਨੂੰ ਸੂਚਨਾ/ਰਿਕਾਰਡ ਹਿਤ ਭੇਜਿਆ ਜਾਂਦਾ ਹੈ:-

1. ਪੀ.ਏ ਟੂ ਸਕੱਤਰ
2. ਸਿਸਟਮ ਐਡਮਨ.
3. ਵਿੱਤ ਅਤੇ ਲੇਖਾ ਸ਼ਾਖਾ
4. ਐਡਮਨ ਸੈਕਸ਼ਨ

17.11.17

**ਕੰਟਰੋਲਰ ਪ੍ਰੀਖਿਆਵਾਂ (ITI)**
**ਵਾਸਤੇ ਸਕੱਤਰ**

**Summary of Students admitted in Session August-2017**

**Name of Institute with code:-** **Email Address:-**

**Name of Principal:-** **Mobile No.:-**

| Sr. No. | Name of Trade | SCVT/NCVT | No. of Students admitted (a) | Fees @ 100/- +50/- (per student)-(b) | Total Fees (Tradewise) (a x b) |
|---|---|---|---|---|---|
| | | | | | |
| | | | | **Grand Total** | |

1. I certify that all the columns of the performa have been duly filled and above data has been checked by me.
2. I also certify that fee calculation is according to fee prescribed by Board's office and manual submission of fee exactly matches with fee calculation shown above and same has been checked by me.
3. I will attach copy of scanned fee receipt, correctly scanned data of registered candidates on MIS Portal (list downloaded from NCVT - MIS Portal tradewise).
4. I will attach copy of admitted candidates as well as candidates to be deleted in Excel format (SCVT courses only) separately.
5. I also hereby certify that all the students whose registration forms have been included fulfill all the terms and conditions and hence fully eligible.
6. In case of any mistake found/incomplete or wrong information provided, the institute will be held fully responsible.

**Signature of Principal**
**(With Stamp of institute)**